ੴ

# ਗੁਰਬਾਣੀ ਵਿਚਾਰ

## 47

# ਧਰਮ ਜਾਂ ਮਜ਼ਹਬ

ਭਾਗ – 2

‘ਖੋਜੀ’

# ਧਰਮ ਜਾਂ ਮਜ਼ਹਬ

## ਭਾਗ-2

ਇਸ ਲੜੀ ਦੇ ਪਹਿਲੇ ਭਾਗ ਵਿਚ ਦੱਸਿਆ ਜਾ ਚੁਕਾ ਹੈ ਕਿ ਅਕਾਲ ਪੁਰਖ – **'ਪ੍ਰੇਮ-ਸਰੂਪ'** ਹੈ। ਸਾਰੀ ਕਾਇਨਾਤ ਵਿਚ ਇਲਾਹੀ '**ਜੋਤ**' ਪ੍ਰਵੇਸ਼ ਹੈ ਅਤੇ ਇਲਾਹੀ **'ਪ੍ਰੇਮ ਸਵੈਪਨਾ'**, ਸਾਰੀ ਕਾਇਨਾਤ ਵਿਚ ਓਤ-ਪੋਤ **ਰਵਿ-ਰਹੀ ਭਰਪੂਰ ਹੈ।**

ਇਸ 'ਪ੍ਰੇਮ-ਸਵੈਪਨਾ' ਦੀ **'ਪ੍ਰੀਤ-ਡੋਰੀ'** ਵਿਚ, ਕਾਇਨਾਤ ਦਾ ਜ਼ੱਰਾ-ਜ਼ੱਰਾ **ਪਰੋਤਾ ਹੋਇਆ ਹੈ।**

"ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥" (ਜਾਪੁ ਪਾ: ੧੦)

ਇਸ ਇਲਾਹੀ **'ਪ੍ਰੀਤ-ਡੋਰੀ'** ਦੀ ਅਮਿਟਵੀਂ ਸੂਖਮ **'ਖਿੱਚ' ਨਾਲ**, ਹਰ ਇਕ ਜੀਵ, ਆਪਣੇ ਕੇਂਦਰ **'ਅਕਾਲ ਪੁਰਖ' ਵੱਲ ਖਿਚਿਆ ਜਾ ਰਿਹਾ ਹੈ।** ਇਹ **ਗੁਪਤ ਇਲਾਹੀ** –

ਖਿੱਚ
ਕਾਂਖੀ
ਪ੍ਰੀਤ-ਡੋਰੀ
ਪ੍ਰੇਮ-ਤਾਂਘ
ਪ੍ਰੇਮ-ਸਵੈਪਨਾ
ਬਿਰਹਾ ਦੀ ਤਾਂਘ

ਹਰ ਇਕ ਜੀਵ ਦੇ **ਅੰਤਰ-ਆਤਮੇ, 'ਨਾਲ-ਲਿਖਿਆ' ਹੋਇਆ 'ਹੁਕਮੁ' ਹੈ।**

ਏਸੇ **ਗੁਪਤ ਆਤਮਿਕ 'ਪ੍ਰੀਤ-ਡੋਰੀ' ਨੂੰ** –

ਬੁਝਣਾ
ਚੀਨਣਾ
ਪਹਿਚਾਨਣਾ
ਮਹਿਸੂਸ ਕਰਨਾ
**ਅਨੁਭਵ ਕਰਨਾ**

ਹੀ, ਹਰ ਇਕ ਜੀਵ ਦਾ, ਆਪੋ-ਆਪਣਾ **ਨਿੱਜੀ 'ਧਰਮੁ' ਹੈ।**

"ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥"

(ਰਾਮਕਲੀ ਪਾ: ੧੦)

ਏਸੇ ਇਲਾਹੀ **'ਪ੍ਰੇਮ-ਖਿੱਚ' ਦੇ ਜਵਾਬ** (response) ਵਿਚ, **ਆਪਣੇ 'ਸੋਮੇ'**, ਅਕਾਲ ਪੁਰਖ ਵੱਲ, **'ਖਿੱਚੇ ਜਾਣਾ' ਹੀ 'ਹੁਕਮਿ ਰਜਾਈ ਚਲਣਾ' ਹੈ।**

ਇਸ ਇਲਾਹੀ **'ਪ੍ਰੇਮ-ਖਿੱਚ' ਦੀ ਰਵਾਨਗੀ** ਦੀ ਸਹਿਜ ਚਾਲ ਵਿਚ **'ਸੁਰ' ਹੋ ਕੇ**, ਆਪਣੇ ਕੇਂਦਰ ਅਕਾਲ ਪੁਰਖ ਵੱਲ **ਖਿਚਿਆ ਜਾਣਾ ਹੀ**, ਸਾਰੇ ਜੀਵਾਂ ਦਾ **ਇਕੋ-ਇਕ ਸੱਚਾ ਆਤਮਿਕ 'ਧਰਮੁ' ਹੈ।**

ਇਹ —

**'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥'** ਹੀ, ਸਾਰੀ ਕਾਇਨਾਤ ਦਾ —

ਅੰਤ੍ਰੀਵ
ਨਿਰਮਲ
ਸੱਚਾ-ਸੁੱਚਾ
ਸ੍ਰੇਸ਼ਟ
ਇਕੋ-ਇਕ
ਅੱਟਲ
ਜੁਗੋ-ਜੁਗ
ਥਰਥਰਾਉਂਦਾ
ਜਿਉਂਦਾ-ਜਾਗਦਾ
ਰੁਣਝੁਣ ਲਾਉਂਦਾ

**'ਸਰਬੱਗ ਇਲਾਹੀ ਧਰਮੁ' ਹੈ।**

ਇਹ 'ਨਾਲਿ ਲਿਖਿਆ' ਹੋਇਆ **'ਹੁਕਮੁ'** ਹੀ, ਕਾਇਨਾਤ ਦੇ ਜ਼ਰੇ-ਜ਼ਰੇ ਦਾ **ਆਪੋ-ਆਪਣਾ 'ਨਿੱਜੀ-ਧਰਮੁ' ਹੈ।**

ਇਸ ਇਲਾਹੀ **'ਪ੍ਰੇਮ-ਪਦਾਰਥ' ਦੇ ਪ੍ਰਕਾਸ਼ ਅਤੇ ਪ੍ਰਵਿਰਤੀ ਨੂੰ ਹੀ —**

ਨਾਮੁ
ਸਬਦੁ
ਪ੍ਰੀਤ
ਪ੍ਰੇਮ
ਪਿਆਰ

ਖਿੱਚ

ਬਿਰਹੋਂ

ਰਸ

ਰੰਗ

ਚਾਉ

ਸੁਖ

ਸ਼ਾਂਤੀ

ਖੇੜਾ

ਦੀਨ

ਈਮਾਨ

**ਧਰਮੁ**

**ਪ੍ਰਮਾਰਥ**

**ਕਿਹਾ ਗਿਆ ਹੈ।**

ਏਸੇ ਤਰ੍ਹਾਂ, ਇਲਾਹੀ **'ਪ੍ਰੀਤ-ਡੋਰੀ' ਦੀ ਖਿੱਚ ਖਾ ਕੇ** –

ਨਾਮ ਜਪਣਾ

ਨਾਮ ਧਿਆਉਣਾ

ਸਿਮਰਨ ਕਰਨਾ

ਭਜਨ ਕਰਨਾ

ਸ਼ਬਦੁ ਕਮਾਉਣਾ

ਸਿਫ਼ਤਿ ਸਲਾਹ ਕਰਨੀ

ਕੀਰਤਨ ਕਰਨਾ

ਸੇਵਾ ਕਰਨੀ

ਆਪਾ-ਵਾਰਨਾ

ਬਿਰਹਾ ਵਿਚ ਸੜਨਾ

ਸ਼ੁਕਰ ਕਰਨਾ

ਭੈ ਵਿਚ ਰਹਿਣਾ

ਅਰਦਾਸ ਕਰਨੀ

**ਹੀ, 'ਨਾਲ-ਲਿਖੇ' ਇਲਾਹੀ 'ਧਰਮੁ' ਨੂੰ 'ਕਮਾਉਣਾ' ਹੈ।**

ਉਪਰਲੀ ਵਿਚਾਰ ਦੀ ਗੁਰਬਾਣੀ ਇਉਂ ਪੁਸ਼ਟੀ ਕਰਦੀ ਹੈ —

'ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥' (ਪੰਨਾ-੨੬੬)

'ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥ (ਪੰਨਾ-੨੯੯)

'ਕਰਮ ਧਰਮ ਸਚੁ ਸਾਚਾ ਨਾਉ ॥' (ਪੰਨਾ-੩੫੩)

ਮਾਈ ਮੇਰੇ ਮਨ ਕੀ ਪ੍ਰੀਤਿ ॥
'ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ ॥' (ਪੰਨਾ-੭੧੬)

'ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥' (ਪੰ.-੭੭੩)

'ਹਰਿ ਕੋ ਨਾਮੁ ਲੈ ਊਤਮ ਧਰਮਾ ॥' (ਪੰਨਾ-੮੭੪)

'ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥'
(ਪੰਨਾ-੧੩੮੭)

'ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮ ਨਾਹਿਨ ਇਹ ਬਿਧਿ ਬੇਦੁ ਬਤਾਵੈ ॥' (ਪੰਨਾ-੬੩੨)

'ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ ॥' (ਪੰਨਾ-੭੯੭)

84 ਲਖ ਜੂਨਾਂ **ਅਣਜਾਣੇ ਅਤੇ ਅਭੋਲ ਹੀ**, 'ਰਜਾਈ' — ਅਕਾਲ ਪੁਰਖ ਦੇ **'ਹੁਕਮ' ਵਿਚ ਪਰਵਿਰਤ ਹਨ।** ਇਸ ਲਈ ਉਨ੍ਹਾਂ ਦੀਆਂ ਸੰਖੇਪ ਅਤੇ ਅਣਮੰਗੀਆਂ ਲੋੜਾਂ ਦੀ **ਸਹਿਜ-ਸੁਭਾਇ ਪੂਰਤੀ ਹੋ ਰਹੀ ਹੈ।**

ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ ॥...
'ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈਹੈ ॥
(ਸਵੱਯੇ ਪਾ: ੧੦)

'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥' (ਪੰ.-੬੧੨)

'ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥
ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ ॥' (ਪੰ.-੧੦੭੦)

ਇਸੇ ਤਰ੍ਹਾਂ, ਇਨਸਾਨ ਦੇ 'ਬੱਚੇ' ਨੂੰ ਭੀ, **ਮਾਂ ਦੇ ਪੇਟ ਵਿਚ, 'ਨਿੰਮਣ' ਤੋਂ ਲੈ ਕੇ ਜਨਮ ਤੋਂ ਮਗਰੋਂ ਭੋਲੀ ਅਵੱਸਥਾ ਤਾਈਂ, 'ਮਾਂ' ਦੀ 'ਮਮਤਾ' ਦੇ ਜ਼ਰੀਏ**, ਲੋੜੀਂਦੀ

ਖੁਰਾਕ, ਦਾਤਾਂ ਆਦਿ, **ਅਣਮੰਗੀਆਂ ਹੀ ਪ੍ਰਾਪਤ ਹੋ ਰਹੀਆਂ ਹਨ** ਅਤੇ ਉਸ ਦੀ **ਅਭੋਲ ਹੀ ਪ੍ਰਵਰਿਸ਼ ਹੋ ਰਹੀ ਹੈ।**

'ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥
ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥
ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥' (ਪੰ.-੯੨੦)

ਪਰ, ਜਦ ਬੱਚਾ ਸਿਆਣਾ ਹੁੰਦਾ ਜਾਂਦਾ ਹੈ ਅਤੇ ਆਪਣੀ ਸਿਆਣਪ ਅਤੇ ਚਾਤੁਰੀ ਨਾਲ ਇਲਾਹੀ **'ਹੁਕਮ' ਦੀ ਰਵਾਨਗੀ ਵਿਚ 'ਵਿਘਨ' ਪਾਉਂਦਾ ਹੈ,** ਤਾਂ ਇਲਾਹੀ **ਦਾਤਾਂ ਦੀ ਪ੍ਰਣਾਲੀ ਵਿਚ 'ਰੁਕਾਵਟ' ਪੈ ਜਾਂਦੀ ਹੈ** ਅਤੇ **ਹਉਮੈ ਦੇ ਭਰਮ-ਭੁਲਾਵੇ** ਵਿਚ ਕਰਮ ਕਰਦਾ ਹੈ। ਇਸ ਤਰ੍ਹਾਂ ਉਹ **ਆਪਣੀ ਸਿਆਣਪ ਦੁਆਰਾ ਇਲਾਹੀ ਬਰਕਤਾਂ ਤੋਂ ਵਾਂਝਾ ਰਹਿੰਦਾ ਹੈ।**

ਜਿਵੇਂ ਕਿ ਉਪਰ ਵਿਚਾਰਿਆ ਗਿਆ ਹੈ, ਕਿ **ਨਿੰਮਣ ਤੋਂ ਲੈ ਕੇ ਜੰਮਣ ਤਕ,** ਬੱਚਾ ਮਾਤਾ ਦੇ ਪੇਟ ਵਿਚ ਰਹਿੰਦਾ ਹੈ। ਇਸ ਅਵੱਸਥਾ ਵਿਚ ਉਹ ਅਗਨੀ ਦੇ ਘੇਰੇ ਵਿਚ ਹੈ। ਇਸ ਤਪਸ਼ ਅਤੇ ਸੇਕ ਤੋਂ ਉਹ ਖ਼ੁਦ, ਕਿਸੇ ਤਰ੍ਹਾਂ ਭੀ ਆਪਣਾ ਬਚਾਉ ਨਹੀਂ ਕਰ ਸਕਦਾ। ਪਰੰਤੂ ਕ੍ਰਿਪਾਲੂ ਕਰਤਾ ਦੀ ਮੇਹਰ ਹੈ, ਕਿ ਉਹ ਜੀਵ ਦੀ ਇਸ **ਅਚੇਤ ਅਵੱਸਥਾ** ਵਿਚ 'ਰਖਿਆ' ਕਰਦਾ ਹੈ। ਉਸ ਅਗਨੀ ਵਿਚ ਭੀ ਉਹ ਸ਼ਾਂਤ ਤੇ ਸੁਖੀ ਹੈ, ਕਿਉਂਕਿ ਆਤਮ ਕਲਾ ਦੁਆਰਾ ਮਾਤਾ ਦੇ ਪੇਟ ਵਿਚ ਉਸ ਦਾ ਬਚਾਉ ਹੋ ਰਿਹਾ ਹੈ —

'ਔਰ ਕੀ ਬਾਤ ਕਹਾ ਕਹ ਤੋ ਸੋ
ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥' (ਤ੍ਵ ਪ੍ਰਸਾਦਿ ਸਵੱਯੇ ਪਾ: ੧੦)

'ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥' (ਪੰਨਾ-੬੧੩)

ਜਨਮ ਉਪਰੰਤ ਇਨਸਾਨ ਅਗਿਆਨਤਾ ਕਾਰਨ ਮਾਇਆ ਦੇ ਸੰਪਰਕ ਵਿਚ ਆ ਜਾਂਦਾ ਹੈ। ਉਹ ਲਿਵ, ਜੋ ਉਸ ਦੀ ਪਰਮਾਤਮਾ ਨਾਲ ਜੁੜੀ ਹੁੰਦੀ ਹੈ, ਟੁੱਟ ਕੇ ਮਾਇਆ ਨਾਲ ਜੁੜ ਜਾਂਦੀ ਹੈ। ਕਰਤੇ ਤੋਂ ਉਹ **ਬੇਮੁਖ ਹੋ ਜਾਂਦਾ ਹੈ** ਅਤੇ **ਮਾਇਆ ਦੇ ਹੁਕਮ ਵਿਚ** ਤੁਰ ਪੈਂਦਾ ਹੈ। **ਮੋਹ ਤੇ ਤ੍ਰਿਸ਼ਨਾ ਦੇ ਵਸ ਪੈ ਜਾਂਦਾ ਹੈ।** ਵਾਸਤਵ ਵਿਚ, **ਇਹ ਮਾਇਆ** ਭੀ, ਮਾਂ ਦੇ ਪੇਟ ਦੀ ਅਗਨੀ ਵਾਂਗ, **'ਤਪਾਉਣ' ਵਾਲੀ ਹੈ।** ਪਰੰਤੂ ਇਨਸਾਨ ਆਪਣੀ ਸਿਆਣਪ ਅਧੀਨ ਇਸ ਅਗਨੀ ਦੀ ਅਸਲੀਅਤ ਨੂੰ **ਨਹੀਂ ਸਮਝਦਾ** ਅਤੇ ਨਾ ਹੀ ਉਹ ਸਮਝਣਾ ਚਾਹੁੰਦਾ ਹੈ। ਉਸ ਨੂੰ ਤਾਂ **'ਦੂਜਾ ਭਾਉ'** ਹੀ ਚੰਗਾ ਲਗਦਾ ਹੈ, ਪ੍ਰਭੂ ਵਿਸਰ ਜਾਂਦਾ ਹੈ। ਮਾਇਆ ਦਾ ਕੀਲਿਆ, ਦੂਜੇ-ਭਾਉ ਦਾ ਖਿਚਿਆ, ਐਸਾ ਤਿਲਕਦਾ ਹੈ, ਕਿ ਰਸਾਤਲ ਨੂੰ ਜਾ ਪਹੁੰਚਦਾ ਹੈ। ਗੁਰਬਾਣੀ ਸਿਖਿਆ ਦਿੰਦੀ ਹੈ, ਪਰ ਇਹ ਤਾਂ

ਆਪਣੇ ਆਪ ਨੂੰ ਹੀ ਵੱਡਾ ਸਿਆਣਾ ਸਮਝਦਾ ਹੈ ਤੇ ਹੋਰ ਕਿਸੇ ਸਿਖਿਆ ਦੀ ਲੋੜ ਹੀ ਨਹੀਂ ਸਮਝਦਾ।

"ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥

(ਪੰਨਾ-੯੨੧)

ਇਸ ਤਰ੍ਹਾਂ 'ਸਿਆਣਾ' ਬੱਚਾ — ਇਲਾਹੀ 'ਸਹਿਜ-ਰਵਾਨਗੀ' ਤੋਂ ਟੁੱਟ ਕੇ, ਆਪਣੇ **'ਨਾਲ ਲਿਖੇ' ਅੰਤ੍ਰੀਵ 'ਨਿਜੀ ਧਰਮੁ'** ਤੋਂ ਬੇਮੁਖ ਹੋ ਜਾਂਦਾ ਹੈ ਅਤੇ ਇਲਾਹੀ 'ਭਾਣੇ' ਵਿਚੋਂ ਨਿਕਲ ਕੇ, **ਆਪਣੇ ਭਾਣੇ** ਵਿਚ ਵਿਚਰਕੇ, ਦੁਖੀ ਹੁੰਦਾ ਹੈ।

'ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥' (ਪੰਨਾ-੬੦੧)

'ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥' (ਪੰਨਾ-੪੦੦)

'ਹੁਕਮੁ ਨ ਜਾਣੈ ਬਹੁਤਾ ਰੋਵੈ॥ ਅੰਦਰਿ ਧੋਖਾ ਨੀਦ ਨ ਸੋਵੈ॥' (ਪੰਨਾ-੮੫)

'ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥' (ਪੰਨਾ-੯੦)

'ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥' (ਪੰਨਾ-੯੫੪)

'ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥' (ਪੰਨਾ-੧੦੯੪)

ਇਸ ਤਰ੍ਹਾਂ ਇਨਸਾਨ — ਆਪਣੀ 'ਹਉਮੈ' ਦੇ ਭਰਮ ਭੁਲਾਵੇ ਵਿਚ, ਆਪਣੇ ਕਰਤੇ **ਅਕਾਲ ਪੁਰਖ ਨੂੰ 'ਭੁੱਲ ਕੇ'** ਹੁਕਮੁ-ਰੂਪੀ' — **'ਨਾਲ ਲਿਖੇ' ਇਲਾਹੀ 'ਧਰਮ' ਤੋਂ** :—

ਬੇਖਬਰ

ਅਨਜਾਣ

ਅਵੇਸਲਾ

ਬੇਪ੍ਰਵਾਹ

**ਹੋ ਕੇ, ਅਗਿਆਨਤਾ ਦੇ ਹਨੇਰ ਵਿਚ ਵਿਚਰਦਾ ਹੈ ਅਤੇ**

'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥' (ਪੰਨਾ-੧੩੪)

ਦੇ ਕਾਨੂੰਨ ਵਿਚ ਪ੍ਰਵਿਰਤ ਹੁੰਦਾ ਹੈ।

ਇਸ 'ਤੱਤ-ਰੂਪੀ' **ਇਲਾਹੀ 'ਧਰਮੁ' ਤੋਂ ਬੇਮੁਖ ਹੋ ਕੇ**, ਜੋ ਭੀ ਹੋਰ ਕਰਮ-ਧਰਮ ਕਰਦਾ ਹੈ, **ਸਭ ਫੋਕਟ** ਹੈ ਅਤੇ **ਨਿਹਫਲ ਜਾਂਦਾ ਹੈ**:—

'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥' (ਪੰਨਾ-੭੪੭)

'ਕਰਮ ਧਰਮ ਅਨੇਕ ਕਿਰਿਆ **ਸਭ ਊਪਰਿ ਨਾਮੁ ਅਚਾਰੁ ॥'** (ਪੰਨਾ-੪੦੫)

**'ਕਲ ਮੈ ਏਕੁ ਨਾਮੁ** ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
**ਅਉਰ ਧਰਮ ਤਾ ਕੈ ਸਮ ਨਾਹਨਿ** ਇਹ ਬਿਧਿ ਬੇਦੁ ਬਤਾਵੈ ॥'

(ਪੰਨਾ-੬੩੨)

'ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
**ਕਲਿ ਮਹਿ ਕੀਰਤਿ ਹਰਿ ਨਾਮਾ ॥'** (ਪੰਨਾ-੭੯੭)

'ਜੇ ਜਾਣਸਿ ਬ੍ਰਹਮੰ ਕਰਮੰ ॥ **ਸਭਿ ਫੋਕਟ ਨਿਸਚਉ ਕਰਮੰ ॥'** (ਪੰਨਾ-੪੭੦)

**'ਸਾਚੁ ਧਰਮੁ ਨਹੀ ਭਾਵੈ ਡੀਠਾ ॥
ਝੂਠ ਧੋਹ ਸਿਉ ਰਚਿਓ ਮੀਠਾ ॥'** (ਪੰਨਾ-੬੭੬)

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥
**ਨਿਹਫਲ ਧਰਮੁ ਤਾਹਿ ਤੁਮ ਮਾਨਹੁ** ਸਾਚੁ ਕਹਤ ਮੈ ਯਾ ਕਉ ॥ (ਪੰ.-੮੩੧)

**ਜਿਨਿ ਆਤਮ ਤਤੁ ਨ ਚੀਨ੍ਹਿਆ ॥
ਸਭ ਫੋਕਟ ਧਰਮ ਅਬੀਨਿਆ ॥** (ਪੰਨਾ-੧੩੫੧)

ਜਦ ਅਸੀਂ, ਅਕਾਲ ਪੁਰਖ ਯਾ ਉਸਦੇ ਪ੍ਰਕਾਸ਼-ਰੂਪੀ **'ਨਾਮੁ' ਯਾ 'ਸਬਦੁ' ਨੂੰ** :

ਜਪਦੇ ਹਾਂ
ਯਾਦ ਕਰਦੇ ਹਾਂ
ਅਰਾਧਦੇ ਹਾਂ
ਸਿਮਰਨ ਕਰਦੇ ਹਾਂ
ਧਿਆਉਂਦੇ ਹਾਂ
ਗੁਣ-ਗਾਉਂਦੇ ਹਾਂ
ਸਿਫ਼ਤਿ ਸਲਾਹ ਕਰਦੇ ਹਾਂ
ਕੀਰਤਨ ਕਰਦੇ ਹਾਂ
**ਕਮਾਉਂਦੇ ਹਾਂ**

ਤਾਂ ਸਾਡੇ 'ਮਨ' ਦਾ **ਸੁਰਤੀ ਦੁਆਰਾ 'ਆਤਮਿਕ-ਮੇਲ'** (Divine communion) **ਹੁੰਦਾ ਹੈ।**

ਬਿਜਲੀ ਦੀਆਂ ਤਾਰਾਂ ਦਾ 'ਮੇਲ' — ਸੂਖਮ 'ਫ਼ਿਊਜ਼-ਤਾਰ' (fuse wire) ਨਾਲ ਹੁੰਦਾ ਹੈ। ਜਦ ਇਹ 'ਫ਼ਿਊਜ਼-ਤਾਰ' 'ਟੁੱਟ' ਜਾਵੇ ਯਾ 'ਸੜ' ਜਾਵੇ — ਤਾਂ **ਤਾਰਾਂ ਦਾ 'ਮੇਲ' ਭੀ ਟੁੱਟ ਜਾਂਦਾ ਹੈ** ਅਤੇ ਬਿਜਲੀ ਦੀ **'ਰਵਾਨਗੀ' ਰੁਕ ਜਾਂਦੀ ਹੈ** ਅਤੇ ਅਸੀਂ ਬਿਜਲੀ ਦੀਆਂ ਸਾਰੀਆਂ ਬਰਕਤਾਂ ਤੋਂ **ਵਾਂਝੇ ਹੋ ਜਾਂਦੇ ਹਾਂ।**

ਦੂਜੇ ਲਫ਼ਜ਼ਾਂ ਵਿਚ **'ਫ਼ਿਊਜ਼-ਤਾਰ'** (fuse wire) **ਹੀ ਸਾਰੀਆਂ ਬਰਕਤਾਂ ਦਾ ਜ਼ਰੀਆ ਅਤੇ ਸਾਧਨ ਹੈ।**

ਇਸੇ ਤਰ੍ਹਾਂ, **ਸੂਖਮ 'ਸੁਰਤ' ਹੀ, 'ਜੀਵ'** ਅਤੇ 'ਨਾਮੁ' ਯਾ **'ਸਬਦੁ' ਦੇ ਵਿਚਕਾਰ — ਦੋਹਾਂ ਨੂੰ ਮੇਲਣ ਵਾਲੀ 'ਪ੍ਰੀਤ-ਤਾਰ' ਹੈ।**

ਇਹ **'ਸੁਰਤ-ਸਬਦੁ'** ਦਾ **'ਮੇਲ' ਹੀ** — 'ਜੀਵ' ਦਾ ਅੰਤ੍-ਆਤਮੇ

**'ਇਲਾਹੀ ਧਰਮੁ' ਹੈ।**

'ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥' (ਪੰਨਾ-੪੧੪)

**'ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥'** (ਪੰਨਾ-੯੦੩)

**'ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥'** (ਪੰਨਾ-੯੩੮)

'ਪਾਰਿ ਸਾਜਨੁ ਅਪਾਰੁ ਪ੍ਰੀਤਮੁ **ਗੁਰ ਸਬਦ ਸੁਰਤਿ ਲੰਘਾਵਏ ॥'** (ਪੰਨਾ-੧੧੧੩)

'ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥' (ਪੰਨਾ-੧੨੫੫)

'ਸਬਦਿ ਸੁਰਤਿ ਉਪਦੇਸੁ ਸਚਿ ਸਮਾਣਿਆ ।' (ਵਾ: ਭਾ:ਗੁ: ੩/੧)

**'ਸਬਦਿ ਸੁਰਤਿ ਲਿਵ ਲਾਇ ਹੁਕਮੁ ਕਮਾਇਆ ।'** (ਵਾ:ਭਾ:ਗੁ: ੩/੨੦)

**'ਸਬਦੁ ਸੁਰਤਿ ਲਿਵ ਅਲਖੁ ਲਖਾਏ ॥'** (ਵਾ: ਭਾ: ਗੁ:੫/੫)

ਅੰਤਰ ਆਤਮੇ **'ਸੁਰਤ-ਸਬਦੁ' ਦੇ 'ਮੇਲ' ਦੁਆਰਾ ਹੀ,** ਆਤਮ ਮੰਡਲ ਦੀਆਂ ਸਾਰੀਆਂ **ਬਖਸ਼ਿਸ਼ਾਂ ਅਤੇ ਬਰਕਤਾਂ ਪ੍ਰਦਾਨ ਹੁੰਦੀਆਂ ਹਨ।**

ਇਹ **'ਆਤਮ-ਮੇਲ'** (Divine communion) ਹੀ ਜੀਵ ਦਾ :—

**ਪ੍ਰਮਾਰਥ ਹੈ**

**ਧਰਮੁ ਹੈ**

**ਮਜ਼ਹਬ ਹੈ**

**ਆਤਮਿਕ ਮੰਜ਼ਿਲ ਹੈ ।**

**'ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥'** (ਪੰਨਾ-੭੯੧)

'ਸਬਦ-ਸੁਰਤਿ' ਦੇ ਅੰਤਰਗਤ **'ਮਿਲਾਪ' ਤੋਂ ਬਗੈਰ** — ਇਲਾਹੀ ਰਹਿਮਤਾਂ ਤੋਂ **ਜੀਵ ਵਾਂਝਾ ਰਹਿੰਦਾ ਹੈ** ਅਤੇ ਮਾਇਆ ਦੇ **ਭਰਮ-ਭੁਲਾਵੇ ਵਿਚ ਗਲਤਾਨ ਰਹਿੰਦਾ ਹੈ**·:—

'ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ॥'

(ਪੰਨਾ-੯੦੬)

'ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥

ਸਬਦ ਸੁਰਤਿ ਬਿਨੁ ਆਈਐ ਜਾਈਐ ॥' (ਪੰਨਾ-੧੦੪੨)

'ਸੂਰਜ' ਵੱਲ ਮੂੰਹ ਕੀਤਿਆਂ, ਰੋਸ਼ਨੀ, ਨਿੱਘ, ਜੀਵਨ, ਖੇੜਾ ਆਦਿ, **ਅਨੇਕ ਗੁਣ ਸਹਿਜੇ ਹੀ ਪ੍ਰਦਾਨ ਹੁੰਦੇ ਹਨ** ਅਤੇ **'ਹਨੇਰ' ਵੱਲ ਆਪਣੇ-ਆਪ ਹੀ ਪਿੱਠ ਹੋ ਜਾਂਦੀ ਹੈ।**

ਇਸ ਦੇ ਐਨ ਉਲਟ, ਸੂਰਜ ਵੱਲ ਪਿੱਠ **ਕੀਤਿਆਂ** ਜਾਂ **ਓਲ੍ਹੇ ਹੁੰਦਿਆਂ, 'ਸੂਰਜ' ਦੇ ਅਨੇਕਾਂ ਗੁਣਾਂ ਤੋਂ ਵਾਂਝਿਆਂ ਹੋ ਜਾਈਦਾ ਹੈ** ਅਤੇ ਹਨੇਰ ਦੇ **ਸਾਰੇ ਅਉਗੁਣ ਸਾਡੇ ਪੱਲੇ ਪੈ ਜਾਂਦੇ ਹਨ,** ਜਿਸ ਕਾਰਨ, ਸਾਨੂੰ ਅਨੇਕ ਦੁੱਖ ਕਲੇਸ਼ ਭੁਗਤਣੇ ਪੈਂਦੇ ਹਨ।

ਐਨ ਏਸੇ ਤਰ੍ਹਾਂ — ਜਦ ਅਸੀਂ ਅਕਾਲ-ਪੁਰਖ ਯਾ 'ਨਾਮ' ਦਾ—

**ਖ਼ਿਆਲ**

**ਧਿਆਨ**

**ਯਾਦ**

**ਸਿਮਰਨ**

**ਜਾਪ**

**ਅਰਾਧਨਾ**

**ਕਰਦੇ ਹਾਂ,** ਤਾਂ ਸਾਡੇ ਅੰਦਰ ਸਾਰੇ **ਇਲਾਹੀ 'ਗੁਣ' ਸਹਜ-ਸੁਭਾਇ ਹੀ ਪ੍ਰਵੇਸ਼ ਹੋ ਜਾਂਦੇ ਹਨ,** ਸਾਡੀ **'ਪਿਠ' 'ਮਾਇਕੀ-ਹਨੇਰ' ਵੱਲ ਹੋ ਜਾਂਦੀ** ਹੈ ਅਤੇ ਮਾਇਕੀ-ਹਨੇਰ ਦੇ **ਅਉਗਣਾਂ ਤੇ ਕਲੇਸ਼ਾਂ ਤੋਂ ਸਹਿਜੇ ਹੀ ਛੁਟਕਾਰਾ ਹੋ ਜਾਂਦਾ ਹੈ।**

**ਮਲੀਨ ਮਨ ਦਾ 'ਰੁਖ',** ਸਹਿਜੇ ਹੀ **'ਮਾਇਕੀ ਹਨੇਰ' ਵੱਲ ਜਾਂਦਾ ਹੈ।**

**ਨਿਰਮਲ ਮਨ ਦੀ 'ਰੁਚੀ'** — ਅਕਾਲ ਪੁਰਖ ਯਾ **'ਨਾਮੁ' ਵੱਲ ਖਿਚੀ ਜਾਂਦੀ ਹੈ।**

ਜਿਸ ਤਰ੍ਹਾਂ '**ਚਾਨਣ**' ਹੋਣ ਨਾਲ, 'ਹਨੇਰ' **ਆਪੇ ਹੀ 'ਅਲੋਪ' ਹੋ ਜਾਂਦਾ ਹੈ — ਕੱਢਣਾ ਨਹੀਂ ਪੈਂਦਾ**!

ਉਸੇ ਤਰ੍ਹਾਂ, **'ਨਾਮ' ਦੇ 'ਪ੍ਰਕਾਸ਼' ਨਾਲ**, ਮਾਇਕੀ **ਭਰਮ ਭੁਲਾਵੇ ਦਾ 'ਹਨੇਰ'** ਅਤੇ ਉਸ ਦੇ ਲਾਓ-ਲਸ਼ਕਰ ਅਤੇ 'ਹਠੀਲੀ ਫੌਜ' ਭੀ, **ਆਪੇ ਹੀ ਅਲੋਪ ਹੋ ਜਾਂਦੀ ਹੈ।**

ਇਸ ਵਿਚਾਰ ਦਾ ਸਿੱਟਾ ਇਹ ਹੈ ਕਿ —

**ਮਾਇਆ ਦੇ ਭਰਮ-ਭੁਲਾਵੇ ਦੇ 'ਹਨੇਰ' ਵਿਚ ਰਹਿਣਾ ਹੀ —'ਪਾਪ' ਹੈ।**

**'ਨਾਮ' ਦੇ 'ਪ੍ਰਕਾਸ਼ ਮੰਡਲ' ਵਿਚ ਵਿਚਰਨਾ ਹੀ —'ਪੁੰਨ' ਹੈ।**

ਦੂਜੇ ਲਫ਼ਜ਼ਾਂ ਵਿਚ, ਇਉਂ ਕਿਹਾ ਜਾ ਸਕਦਾ ਹੈ ਕਿ—

ਅਕਾਲ ਪੁਰਖ ਦੀ **'ਯਾਦ' ਯਾ 'ਸਿਮਰਨ' ਹੀ —'ਧਰਮੁ' ਹੈ।**

ਅਕਾਲ ਪੁਰਖ ਨੂੰ **'ਭੁਲਣਾ' ਯਾ ਬੇਮੁਖ ਹੋਣਾ —'ਅਧਰਮ' ਹੈ।**

'ਪਾਪ' ਯਾ 'ਪੁੰਨ'

'ਅਧਰਮ' ਯਾ 'ਧਰਮੁ'

ਆਪਸ ਵਿਚ, **ਮੁਤਜ਼ਾਦ ਅਤੇ ਐਨ ਉਲਟ 'ਅਵੱਸਥਾਵਾਂ' ਹਨ।**

ਪਰ, ਸਾਡੇ ਮਾਨਸਿਕ ਅਤੇ ਧਾਰਮਿਕ **ਜੀਵਨ ਦਾ ਵਰਤਾਰਾ** ਗੁਰਬਾਣੀ ਦੇ **ਅੰਤ੍ਰੀਵ ਆਸ਼ੇ ਦੇ ਬਿਲਕੁਲ ਉਲਟ ਹੋ ਰਿਹਾ ਹੈ।**

ਜੇਹੜੇ ਫੋਕਟ 'ਧਰਮ' ਨੂੰ **ਤਿਆਗਣਾ ਯਾ ਭੁਲਾਉਣਾ ਹੈ**, ਉਸੇ ਨੂੰ —

**ਯਾਦ ਕਰਕੇ**
**ਘੋਟ ਕੇ**
**ਧਿਆਨ ਕਰਕੇ**
**ਮੰਨ ਕੇ**
**ਸਿਮਰਨ ਕਰਕੇ**
**ਕਮਾ ਕੇ**

**'ਦ੍ਰਿੜ੍ਹ' ਕਰੀ ਜਾਂਦੇ ਹਾਂ**!

ਜਿਹੜੇ 'ਹੁਕਮ-ਰੂਪੀ' **ਇਲਾਹੀ 'ਧਰਮੁ' ਨੂੰ—**

ਬੁੱਝਣਾ ਹੈ
ਯਾਦ ਕਰਨਾ ਹੈ
ਸਿਮਰਨ ਕਰਨਾ ਹੈ
ਅਭਿਆਸ ਕਰਨਾ ਹੈ

ਦ੍ਰਿੜ੍ਹ ਕਰਨਾ ਹੈ

**ਕਮਾਉਣਾ ਹੈ,**

ਉਸ ਨੂੰ, ਅਸੀਂ **ਬਿਲਕੁਲ 'ਭੁਲਾਈ' ਬੈਠੇ ਹਾਂ** ਯਾ ਉਸ ਵਲੋਂ **ਅਵੇਸਲੇ ਯਾ ਮਚਲੇ ਹੋਏ ਪਏ ਹਾਂ**!

**ਅੰਤ੍ਰੀਵ ਇਲਾਹੀ 'ਧਰਮੁ'** ਦੁਆਰਾ ਹੀ **ਆਤਮ 'ਪ੍ਰਕਾਸ਼' ਹੋ ਸਕਦਾ ਹੈ।**

84 ਲੱਖ ਜੂਨਾਂ ਤਾਂ, ਸੀਮਤ ਬੁੱਧੀ ਕਾਰਨ, ਇਸ **ਇਲਾਹੀ ਧਰਮ ਨੂੰ ਬੁੱਝ ਯਾ ਅਨੁਭਵ ਨਹੀਂ ਕਰ ਸਕਦੀਆਂ**– ਪਰ **ਫੇਰ ਵੀ** ਆਪ ਮੁਹਾਰੇ, **ਅਭੋਲ** ਹੀ ਆਪੋ-ਆਪਣੇ **'ਨਾਲ-ਲਿਖੇ' 'ਨਿਜੀ' ਧਰਮੁ ਨੂੰ ਪੂਰੀ ਤਰ੍ਹਾਂ ਅਣਜਾਣੇ ਹੀ ਕਮਾ ਰਹੀਆਂ ਹਨ**!

ਇਹ ਇਲਾਹੀ 'ਹੁਕਮ-ਰੂਪੀ' **'ਧਰਮੁ'**, ਹਰ ਇਕ ਜੀਵ ਦੇ ਅੰਤਰ-ਆਤਮੇ, **ਧੁਰੋਂ**, **'ਨਾਲ ਲਿਖਿਆ' ਹੋਇਆ ਹੈ** ਅਤੇ ਚੁਪ-ਚੁਪੀਤੇ, ਗੁੱਝੇ ਤੌਰ ਤੇ **'ਸਵੈ-ਪ੍ਰੇਰਨਾ' ਨਾਲ, ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ ਅਟੁੱਟ, ਸਦੀਵੀ, ਆਪ-ਮੁਹਾਰੇ ਪ੍ਰਵਿਰਤ ਹੋ ਰਿਹਾ ਹੈ।**

ਇਹ **ਅੰਤ੍ਰ-ਮੁਖੀ 'ਨਾਲ ਲਿਖਿਆ' ਇਲਾਹੀ 'ਧਰਮੁ'**–

ਸਿਖਿਆ-ਸਿਖਾਇਆ
ਸਮਝਿਆ-ਸਮਝਾਇਆ
ਪੜ੍ਹਿਆ-ਪੜ੍ਹਾਇਆ
ਧਾਰਿਆ
ਬਦਲਿਆ
ਠੋਸਿਆ

ਨਹੀਂ ਜਾ ਸਕਦਾ ਅਤੇ –

ਰੀਸੋ-ਰੀਸੀ
ਬੱਧਾ-ਚੱਟੀ
ਕਰਮ-ਕਾਂਡ
ਪਾਠ-ਪੂਜਾ
ਹਠ-ਧਰਮ
ਬਰਤ-ਨੇਮ
ਤੀਰਥ ਯਾਤਰਾ
ਕੁਰਬਾਨੀਆਂ

ਆਦਿ ਨਾਲ, **ਪ੍ਰਾਪਤ ਨਹੀਂ ਕੀਤਾ ਜਾ ਸਕਦਾ।** ਜਿਹਾ ਕਿ –

"ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ **ਕਰਮੁ ਸਚਾ ਨੀਸਾਣੁ ॥"** (ਪੰਨਾ-੪੬੭)

'ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥' (ਪੰਨਾ-੫੯੩)

**ਏਹੋ ਜੇਹੇ –**

ਅਤਿ ਸੂਖਮ
ਅੰਤਰ-ਮੁਖੀ
ਆਤਮਿਕ
ਊਚਮ-ਊਚੇ
ਸੂਚਮ-ਸੂਚੇ
ਅਟੱਲ
ਅਪਾਰ
ਨਿਰਮਲ
**ਨਿਰੰਤਰ**
**ਸਰਬੱਗ**
**ਹੁਕਮੁ ਰੂਪੀ**
ਸਬਦੁ-ਰੂਪੀ
ਨਾਮੁ-ਰੂਪੀ
ਤੱਤ-ਰੂਪੀ

**ਅੰਤਰੀਵ-ਇਲਾਹੀ 'ਧਰਮੁ'** ਦੇ ਗੁੱਝੇ-ਭੇਦ ਨੂੰ –

**ਬੁੱਝਣ**
**ਸੀਝਣ**
**ਪਹਿਚਾਨਣ**

**ਅਨੁਭਵ ਕਰਨ**
**ਮੰਨਣ**
**ਕਮਾਉਣ**

**ਲਈ —**

ਬਾਹਰਮੁਖੀ
ਸੀਮਤ
ਮਲੀਨ
ਚੰਚਲ
ਅਧੂਰੀ
ਓਪਰੀ
ਅੰਤਕੀ
ਮਾਇਕੀ

**'ਬੁੱਧੀ' ਹੀ ਕਾਫ਼ੀ ਨਹੀਂ**। ਜਿਹਾ ਕਿ:—

'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥' (ਪੰਨਾ-੬੪੧)

'ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥' (ਪੰਨਾ-੩੯੬)

ਅਸਲ ਵਿਚ — ਇਹ ਆਤਮਿਕ ਮੰਡਲ ਦੀ **ਨਿਰਾਲੀ ਇਲਾਹੀ 'ਖੇਲ' ਹੈ**, ਜੋ ਸਾਡੀ ਅਲਪ **'ਬੁੱਧੀ' ਦੀ 'ਪਕੜ' ਤੋਂ ਪਰੇ ਹੈ**, ਕਿਉਂਕਿ ਇਹ **'ਨਿਜੀ ਧਰਮੁ'** ਸਾਡੀ **ਆਤਮਾ ਦੀ 'ਹੋਂਦ' ਦੇ ਨਾਲ ਹੀ** :—

ਲਿਖਿਆ
ਰਚਿਆ
ਧਸਿਆ
ਵਸਿਆ
ਰਸਿਆ
ਓਤ-ਪੋਤ

**ਰਵਿ-ਰਹਿਆ-ਭਰਪੂਰ ਹੈ।**

ਇਸ ਸੂਖਮ, **ਸਰਬੱਗ, ਵਿਸ਼ਵ, ਇਲਾਹੀ 'ਨਿਜੀ ਧਰਮੁ' ਦੇ 'ਭੇਦੁ' ਨੂੰ, ਸ਼ਬਦ-ਸੁਰਤ ਦੇ ਮੇਲ ਦੁਆਰਾ ਸਿਰਫ਼ ਅੰਤਰ-ਆਤਮੇ, ਅਨੁਭਵ ਪ੍ਰਕਾਸ਼ ਵਿਚ ਹੀ —**

**ਬੁਝਿਆ**

**ਸੀਝਿਆ**

**ਪਹਿਚਾਣਿਆ**

**ਮੰਨਿਆ**

**ਕਮਾਇਆ**

**ਜਾ ਸਕਦਾ ਹੈ।**

ਇਸ 'ਤੱਤ-ਸਾਰ' ਆਤਮਿਕ ਮੰਡਲ ਦੇ **'ਹੁਕਮ-ਰੂਪੀ' 'ਨਿਜੀ ਧਰਮੁ'** ਨੂੰ, ਕੋਈ **ਵਿਰਲਾ** ਬਖਸ਼ਿਆ ਹੋਇਆ ਗੁਰਮੁਖ ਹੀ **ਬੁਝਦਾ ਹੈ ਅਤੇ ਕਮਾਉਂਦਾ ਹੈ।**

'ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥' (ਪੰਨਾ-੧੪੪)

'ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥' (ਪੰਨਾ-੪੪੧)

'ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ ਧੁਰੇ ਕਮਾਇਆ ਨਾਉ॥' (ਪੰਨਾ-੧੪੧੯)

ਪਰ, ਇਨਸਾਨੀ ਜੂਨ ਨੇ :-

ਆਪਣੇ 'ਨਾਲ ਲਿਖੇ' 'ਹੁਕਮ ਰੂਪੀ', ਇਲਾਹੀ ਧਰਮੁ ਨੂੰ

**'ਬੁਝਣ' ਯਾ 'ਅਨੁਭਵ ਕਰਨ' ਦੀ**

**ਬਜਾਇ**

ਮਾਇਆ ਦੇ ਭਰਮ-ਭੁਲਾਵੇ ਵਿਚ **ਗਲਤਾਨ ਹੋ ਕੇ,**

ਆਪਣੀ **ਤੀਖਣ ਬੁੱਧੀ ਦੀ ਇਲਾਹੀ 'ਦਾਤ' ਦੀ**

**ਗਲਤ ਵਰਤੋਂ ਕੀਤੀ ਹੈ।**

**ਇਸ 'ਲਿਹਾਜ਼' ਨਾਲ,** ਅਸੀਂ ਇਨਸਾਨੀ **'ਸ਼੍ਰੋਮਣੀ ਜੂਨ' ਦੀ ਵਡਿਆਈ ਨੂੰ 'ਲਾਜ' ਲਾਈ ਜਾਂਦੇ ਹਾਂ!**

ਗੁਰਬਾਣੀ ਵਿਚ ਸਾਡੀ ਐਸੀ ਹਾਲਤ ਨੂੰ ਇਉਂ ਦਰਸਾਇਆ ਹੈ :-

'ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤ ਦੇਹਿ ॥

**ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥'** (ਪੰ.-੪੮੯)

**'ਮਨਮੁਖ ਮਾਣਸ ਦੇਹ ਤੇ ਪਸੂ ਪਰੇਤ ਅਚੇਤ ਚੰਗੇਰੇ ।**

ਹੋਇ ਸੁਚੇਤ ਅਚੇਤ ਹੋਇ ਮਾਣਸੁ ਮਾਣਸ ਦੇ ਵਲਿ ਹੇਰੇ ।'

(ਵਾ: ਭਾ: ਗੁ: ੧੫/੧੯)

ਜਿਸ ਤਰ੍ਹਾਂ, ਸੂਰਜ ਦੀ ਰੋਸ਼ਨੀ ਵਿਚ, ਸੂਰਜ ਦੇ ਸਾਰੇ ਗੁਣ ਪ੍ਰਵੇਸ਼ ਹਨ, ਉਸੇ ਤਰ੍ਹਾਂ **ਅੰਤਰ-ਮੁਖੀ 'ਇਲਾਹੀ ਧਰਮੁ' ਵਿਚ ਭੀ**, ਇਲਾਹੀ ਮੰਡਲ ਦੇ ਸਾਰੇ **'ਦੈਵੀ' ਗੁਣ ਪ੍ਰਵੇਸ਼ ਅਤੇ ਪ੍ਰਵਿਰਤ ਹਨ**, ਜਿਹਾ ਕਿ :—

ਪ੍ਰੀਤ
ਪ੍ਰੇਮ
ਰਸ
ਚਾਉ
ਦਇਆ
ਸਤ
ਸੰਤੋਖ
ਧੀਰਜ
ਖਿਮਾ
ਧਰਮ
ਨਿਮ੍ਰਤਾ
ਸੁਖ
ਅਨੰਦ
ਸ਼ਾਂਤੀ
ਮੈਤ੍ਰੀ-ਭਾਵ
ਖਿੱਚ
ਸੇਵਾ ਭਾਵ
ਆਪਾ ਵਾਰਨਾ
ਨਾਮ
ਭਾਣਾ
ਗਿਆਨ।

ਇਸ ਲਈ, ਜੇਕਰ ਅਸੀਂ ਆਪਣੇ 'ਨਾਲ-ਲਿਖੇ', ਗੁਪਤ, 'ਆਤਮਿਕ-ਧਰਮੁ' ਨੂੰ **ਬੁੱਝ ਕੇ, ਅਨੁਭਵ ਕਰਕੇ**, ਇਸ ਦੀ **ਰਵਾਨਗੀ ਦੀ ਸਹਿਜ-ਚਾਲ ਵਿਚ 'ਰੁੜ੍ਹ' ਜਾਈਏ**, ਤਾਂ ਉਪਰ ਦੱਸੇ **ਸਾਰੇ ਦੈਵੀ 'ਗੁਣ' ਯਾ ਆਤਮਿਕ 'ਦਾਤਾਂ', ਸਹਿਜ-ਸੁਭਾਇ ਸਾਡੇ ਮਨ, ਤਨ, ਬੁੱਧੀ ਵਿਚ ਪ੍ਰਵੇਸ਼ ਹੋ ਜਾਣਗੀਆਂ।**

ਦੂਜੇ ਲਫ਼ਜ਼ਾਂ ਵਿਚ, ਇਸ ਇਲਾਹੀ, 'ਹੁਕਮ-ਰੂਪੀ' **ਆਤਮਿਕ-'ਧਰਮੁ' ਨੂੰ ਅਨੁਭਵ ਕਰਕੇ-ਇਸ ਦੀ 'ਰਜ਼ਾ' ਵਿਚ 'ਸੁਰ' ਹੋ ਕੇ 'ਭਾਣਾ-ਮੰਨਣ' ਨਾਲ —**

1. ਮਾਇਆ ਦਾ **'ਭਰਮ-ਭੁਲਾਵਾ' ਲੈਹ ਜਾਂਦਾ ਹੈ,** (ਜਿਸ ਤਰ੍ਹਾਂ ਕਿ ਰੌਸ਼ਨੀ ਆਉਣ ਨਾਲ, **'ਹਨੇਰ' ਆਪੇ ਹੀ ਅਲੋਪ ਹੋ ਜਾਂਦਾ ਹੈ।**)
2. **ਹਉਮੈ ਦੇ 'ਦੀਰਘ ਰੋਗ' ਤੋਂ ਛੁਟਕਾਰਾ ਹੋ ਜਾਂਦਾ ਹੈ** ਅਤੇ 'ਜੀਵ', ਆਪਣੇ ਸਤਿਗੁਰੂ ਦਾ **'ਬੈ-ਖਰੀਦ' ਗੋਲਾ ਬਣ ਕੇ ਚਾਕਰੀ ਕਰਦਾ ਹੈ।**
3. 'ਮੈਂ-ਮੇਰੀ' ਵਿਚੋਂ ਉਪਜੇ ਮਾਇਕੀ ਦੁਖ-ਕਲੇਸ਼ ਅਤੇ **ਮਾਇਕੀ-ਅਗਨੀ ਦੇ ਭਾਂਬੜ ਤੋਂ ਬਚ ਜਾਂਦਾ ਹੈ।**
4. ਮਾਇਆ ਦੀ ਪਕੜ ਤੋਂ ਨਿਰਲੇਪ ਹੋ ਕੇ ਜੀਵ — **'ਆਵਾ-ਗਵਨ' ਦੇ ਗੇੜ ਤੋਂ ਬਚ ਜਾਂਦਾ ਹੈ** ਅਤੇ **ਜਮਾਂ ਦੇ ਵੱਸ ਨਹੀਂ ਪੈਂਦਾ।**
5. ਗੁਰਬਾਣੀ ਦੇ ਮੁੱਢਲੇ ਉਪਦੇਸ਼,

   'ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥'

   ਦੀ **ਸਹਿਜ ਸੁਭਾਇ ਕਮਾਈ ਹੁੰਦੀ ਹੈ।**
6. **'ਭਾਣਾ' ਮੰਨਣ ਨਾਲ** — ਆਤਮ-ਮੰਡਲ ਦੀਆਂ **ਸਾਰੀਆਂ ਬਰਕਤਾਂ, ਰਹਿਮਤਾਂ ਅਤੇ ਦਾਤਾਂ, ਬਹੁਲਤਾ ਵਿਚ, ਅਣਮੰਗੀਆਂ — ਆਪੇ ਹੀ ਪ੍ਰਦਾਨ ਹੁੰਦੀਆਂ ਹਨ।**
7. ਉਪਰ ਦੱਸੇ ਸਾਰੇ **'ਦੈਵੀ-ਗੁਣ' ਸਾਡੇ ਅੰਤਰ-ਆਤਮੇ ਸਹਿਜੇ ਹੀ ਪ੍ਰਵੇਸ਼ ਹੋ ਜਾਣਗੇ।**
8. ਇਹ **ਸਾਰੇ 'ਦੈਵੀ ਗੁਣ'** ਸਾਡੇ **ਜੀਵਨ ਦੇ ਹਰ ਪੱਖ ਵਿਚ, ਸਹਿਜ ਸੁਭਾਇ, ਪਰਵਿਰਤ ਅਤੇ ਪ੍ਰਕਾਸ਼ਤ ਹੋਣਗੇ।**
9. ਅਸੀਂ **'ਆਪਣੇ ਭਾਣੇ' ਵਿਚੋਂ ਨਿਕਲ ਕੇ ਸਤਿਗੁਰ ਦੇ ਭਾਣੇ ਵਿਚ ਆ ਜਾਵਾਂਗੇ।**
10. ਇਸ ਤਰ੍ਹਾਂ, **ਇਸ ਇਲਾਹੀ 'ਧਰਮੁ' ਦੇ ਵਿਕਾਸ ਅਤੇ ਪ੍ਰਚਾਰ ਲਈ ਅਸੀਂ ਦੈਵੀ 'ਪ੍ਰਣਾਲੀ'** ਬਣ ਜਾਵਾਂਗੇ।
11. ਹਉਮੈ-ਵੇੜ੍ਹੇ, **ਮਾਇਆ ਧਾਰੀ 'ਮਨਮੁਖ'** ਤੋਂ

    **ਬਦਲ ਕੇ**

    **'ਗੁਰਮੁਖ' ਬਣ ਜਾਵਾਂਗੇ।**

12. ਅੰਦਰਲੀ ਮਾਇਕੀ **'ਕੂੜ ਦੀ ਪਾਲਿ' ਟੁੱਟ ਜਾਵੇਗੀ** ਅਤੇ ਅਸੀਂ ਇਲਾਹੀ ਮੰਡਲ ਵਿਚ **'ਸਚਿਆਰ' ਬਣ ਕੇ** – ਆਪਣੇ ਪ੍ਰੀਤਮ, **ਪਰਮੇਸ਼ਰ ਦੇ ਚਰਨਾਂ ਵਿਚ ਸਮਾ ਜਾਵਾਂਗੇ।** ਇਹ ਊਚਮ-ਊਚੀ, ਸੂਚਮ-ਸੂਚੀ, **ਆਤਮਿਕ ਅਵੱਸਥਾ, ਨਿਸਚੇ ਹੀ ਬੜੀ ਅਉਖੀ** 'ਖੇਲ' ਹੈ, ਪਰ –

ਗੁਰ ਪ੍ਰਸਾਦਿ

**ਗੁਰਮੁਖ ਪਿਆਰਿਆਂ ਦੀ ਸੰਗਤ**

**ਨਾਮ ਸਿਮਰਨ**

**ਸ਼ਬਦ-ਸੁਰਤ**

ਦੁਆਰਾ, **ਸਹਜੇ ਹੀ ਪ੍ਰਦਾਨ ਹੋ ਜਾਂਦੀ ਹੈ।**

ਗੁਰਬਾਣੀ ਵਿਚ ਇਸ ਨੁਕਤੇ ਨੂੰ ਇਉਂ ਦਰਸਾਇਆ ਹੈ :–

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥** (ਪੰਨਾ-੨੬੬)

**ਸਾਧ ਕੈ ਸੰਗਿ ਦ੍ਰਿੜੇ ਸਭਿ ਧਰਮ ॥** (ਪੰਨਾ-੨੭੧)

**ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥** (ਪੰਨਾ-੨੯੯)

**ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ**
**ਸਿਮ੍ਰਿਤਿ ਨਾਮੁ ਦ੍ਰਿੜਾਇਆ ॥** (ਪੰਨਾ-੭੭੩)

**ਹਰਿ ਕੋ ਨਾਮੁ ਲੈ ਊਤਮ ਧਰਮਾ ॥** (ਪੰਨਾ-੮੭੪)

ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥

**ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥** (ਪੰਨਾ-੯੦੨)

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥** (ਪੰਨਾ-੬੪੨)

ਬਲਿਓ ਚਰਾਗੁ ਅੰਧ੍ਯ੍ਯਾਰ ਮਹਿ **ਸਭ ਕਲਿ ਉਧਰੀ ਇਕ ਨਾਮ ਧਰਮ॥**
(ਪੰਨਾ-੧੩੮੭)

ਮਾਈ ਮੇਰੇ ਮਨ ਕੀ ਪ੍ਰੀਤਿ ॥

**ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ॥**
(ਪੰਨਾ-੭੧੬)

**ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥** (ਪੰਨਾ-੬੨੨)

ਇਸ ਤਰ੍ਹਾਂ 'ਨਾਲ ਲਿਖਿਆ' ਇਲਾਹੀ 'ਹੁਕਮੁ' ਤੇ

**ਇਸ ਦੀ 'ਰਵਾਨਗੀ' ਯਾ 'ਪਰਵਿਰਤੀ' ਹੀ,**

**ਅੰਤ੍ਰੀਵ**

**ਸੱਚਾ-ਸੁੱਚਾ**

**ਇਕੋ-ਇਕ**

**ਅੱਟਲ**

**ਜੁਗੋ ਜੁਗ**

**ਸਰਬੱਗ**

**ਵਿਸ਼ਵ**

**ਆਤਮਿਕ 'ਧਰਮੁ' ਹੈ।**

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (ਪੰਨਾ-੪੬੯)

(ਚਲਦਾ.....)

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

**ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ** ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ :-

**Website : www.brahmbungadodra.org**
**E-mail : info@brahmbungadodra.org**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ**
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

**❖ ਸ਼ਾਖਾ ❖**
**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ** (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

**❖ ਪ੍ਰਕਾਸ਼ਕ ❖**
ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.**Harjit**PrintingPress.com S.C.F. 83, Phase 5, SAS Nagar (Mohali). Phones : +91-172-2226297, 5098297